ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਤੁਸੀਂ ਬਾਪ, ਟੀਚਰ, ਸਤਿਗੁਰੂ - ਤਿੰਨਾਂ ਦੇ ਸਮੁੱਖ ਬੈਠੇ ਹੋ, ਬਾਪ ਦੀ ਇਹ ਕ੍ਰਿਪਾ ਹੈ ਜੋ ਟੀਚਰ ਬਣ ਤੁਹਾਨੂੰ ਪੜ੍ਹਾ ਰਹੇ ਹਨ, ਸਤਿਗੁਰੂ ਬਣ ਨਾਲ ਲੈ ਜਾਣਗੇ"

ਪ੍ਰਸ਼ਨ:- ਤੁਸੀਂ ਬੱਚਿਆਂ ਦਾ ਬਾਪ ਦੇ ਨਾਲ ਕਿਹੜਾ ਵਾਇਦਾ ਹੈ? ਤੁਹਾਡਾ ਕਰਤਵ ਕੀ ਹਨ?

ਉੱਤਰ:- ਬਾਪ ਨਾਲ ਵਾਇਦਾ ਹੈ - ਬਾਬਾ, ਅਸੀਂ ਤੁਹਾਡੇ ਕੋਲੋਂ ਜੋ ਕੁਝ ਸੁਣਦੇ ਹਾਂ ਉਹ ਦੂਸਰੇ ਨੂੰ ਵੀ ਜਰੂਰ ਸੁਣਾਵਾਂਗੇ। ਆਪ ਸਮਾਨ ਬਨਾਵਾਂਗੇ। ਸਾਡਾ ਕਰਤਵ ਹੈ - ਬਾਪ ਸਮਾਨ ਸਭਨੂੰ ਪੜ੍ਹਾਉਣਾ ਕਿਉਂਕਿ ਹੁਣ ਬੁੱਧੀ ਦਾ ਤਾਲਾ ਖੁਲਿਆ ਹੈ। ਜਿਵੇਂ ਅਸੀਂ ਵਰਸਾ ਲੈ ਰਹੇ ਹਾਂ ਇਵੇਂ ਰਹਿਮਦਿਲ ਬਣ ਦੂਸਰਿਆਂ ਨੂੰ ਵੀ ਵਰਸਾ ਦਵਾਉਣਾ ਹੈ।

ਗੀਤ:- ਲੇ ਲੋ ਦੁਆਵਾਂ ਮਾਂ - ਬਾਪ ਦੀ...

ਓਮ ਸ਼ਾਂਤੀ। ਹੁਣ ਬੱਚੇ ਮਾਂ - ਬਾਪ ਦੇ ਸਮੁੱਖ ਬੈਠੇ ਹੋਏ ਹਨ ਮਤਲਬ ਬੱਚੇ ਸਕੂਲ ਵਿੱਚ ਟੀਚਰ ਦੇ ਕੋਲ ਬੈਠੇ ਹੋਏ ਹਨ। ਬੱਚੇ ਜਾਣਦੇ ਹਨ ਅਸੀਂ ਸਤਿਗੁਰੂ ਦੇ ਕੋਲ ਵੀ ਬੈਠੇ ਹਾਂ ਗਿਆਨ ਸੁਣਾਉਣ ਦੇ ਲਈ। ਕਿਸ ਕੋਲੋਂ ਸੁਣਨ? ਗਿਆਨ ਸਾਗਰ ਤਾਂ ਬਾਪ ਹੀ ਹੈ। ਜਾਣਦੇ ਹਨ ਉਹ ਪਰਮਧਾਮ ਤੋਂ ਪਧਾਰਿਆ ਹੋਇਆ ਹੈ ਸਾਨੂੰ ਸਿੱਖਿਆ ਦੇਣ। ਤੁਹਾਡੀ ਬੁੱਧੀ ਪਰਮਧਾਮ, ਸਵੀਟ ਹੋਮ ਵਲ ਲੱਗੀ ਹੋਈ ਹੈ। ਭਾਵੇਂ ਪੜ੍ਹਦੇ ਤੇ ਇੱਥੇ ਹੀ ਹਨ, ਮਾਤ - ਪਿਤਾ ਸਮੁੱਖ ਬੈਠੇ ਹਨ ਤਾਂ ਵੀ ਬੁੱਧੀਯੋਗ ਮਤਲਬ ਯਾਦ ਨਿਰਵਾਣਧਾਮ ਵਲ ਹੀ ਹੈ। ਸਾਨੂੰ ਬਾਪ ਦੇ ਨਾਲ ਘਰ ਜਾਣਾ ਹੈ। ਫਿਰ ਵਿਸ਼ਨੂੰ ਦੇ ਘਰ ਆਵਾਂਗੇ। ਉਹ ਵੀ ਘਰ ਹੈ। ਇਹ ਵੀ ਘਰ ਹੈ। ਸ਼੍ਰੀਕ੍ਰਿਸ਼ਨਪੁਰੀ ਸਸੁਰਘਰ ਜਾਣਾ ਹੈ। ਪਹਿਲੇ ਤਾਂ ਬਾਪ ਜੋ ਲਾਇਕ ਬਣਾਉਂਦੇ ਹਨ ਉਹਨਾਂ ਨੂੰ ਯਾਦ ਕਰਨਾ ਹੈ। ਮਾਂ - ਬਾਪ ਕੰਨਿਆਵਾਂ ਨੂੰ ਲਾਇਕ ਬਣਾਉਂਦੇ ਹਨ ਨਾ। ਸਸੁਰ ਘਰ ਜਾਏਗੀ ਤਾਂ ਮਾਂ - ਬਾਪ ਦਾ ਸ਼ੋ ਕਰੇਗੀ ਕਿ ਬੱਚੀ ਤਾਂ ਬੜੀ ਚੰਗੀ ਸੁਲਖਣੀ ਹੈ। ਹੁਣ ਤੁਸੀਂ ਜਾਣਦੇ ਹੋ ਅਸੀਂ ਪਰਮਪਿਤਾ ਪਰਮਾਤਮਾ ਦੇ ਸਮੁੱਖ ਬੈਠੇ ਹਾਂ, ਪੜ੍ਹ ਰਹੇ ਹਾਂ। ਬਾਪ ਬੱਚਿਆਂ ਤੇ ਬਹੁਤ ਮਿਹਨਤ ਕਰਦੇ ਹਨ। ਇਹ ਹੈ ਉਹਨਾਂ ਦੀ ਕ੍ਰਿਪਾ। ਬੱਚਾ ਬੈਰਿਸਟਰ ਬਣਦਾ ਹੈ ਤਾਂ ਕਹਿਣਗੇ ਮਾਂ - ਬਾਪ ਨੇ ਚੰਗੀ ਤਰ੍ਹਾਂ ਪਾਲਣਾ ਕੀਤੀ ਹੈ। ਪੜ੍ਹਾਇਆ ਹੈ। ਮਾਤਾ - ਪਿਤਾ ਕ੍ਰੀਏਟਰ ਵੀ ਹੁੰਦੇ ਹਨ, ਡਾਇਰੈਕਟਰ ਵੀ ਹੁੰਦੇ ਹਨ। ਮੇਲ ਬੱਚਿਆਂ ਦਾ ਮੋਹ ਬਾਪ ਵਿੱਚ ਜਾਂਦਾ ਹੈ। ਬੱਚੀ ਦਾ ਮੋਹ ਮਾਂ ਦੇ ਕੋਲ ਜਾਂਦਾ ਹੈ ਕਿਉਂਕਿ ਬੱਚਿਆਂ ਨੂੰ ਬਾਪ ਕੋਲੋਂ ਵਰਸਾ ਮਿਲਣਾ ਹੈ। ਕੁਮਾਰੀ ਤਾਂ ਜਾਕੇ ਮਾਂ ਬਣਦੀ ਹੈ। ਹੁਣ ਇੱਥੇ ਤੁਸੀਂ ਬ੍ਰਾਹਮਣ ਕੁਲ ਭੂਸ਼ਣ ਹੋ। ਬ੍ਰਾਹਮਣ ਤਾਂ ਗਾਏ ਜਾਂਦੇ ਹਨ। ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਤਾਂ ਬਹੁਤ ਹਨ। ਉਹਨਾਂ ਬ੍ਰਾਹਮਣਾਂ ਤੋਂ ਵੀ ਤੁਸੀਂ ਪੁੱਛ ਸਕਦੇ ਹੋ - ਤੁਸੀਂ ਮੁੱਖ ਵੰਸ਼ਾਵਲੀ ਹੋ ਤਾਂ ਬ੍ਰਹਮਾ ਦੀ ਮੁਖ ਸੰਤਾਨ ਹੋ? ਕੁੱਖ ਸੰਤਾਨ ਤਾਂ ਲੌਕਿਕ ਮਾਤ - ਪਿਤਾ ਤੋਂ ਜਨਮ ਲੈਂਦੀ ਹੈ। ਬ੍ਰਹਮਾ ਮੁਖ ਤੋਂ ਤੁਸੀਂ ਕਦੋਂ ਪੈਦਾ ਹੋ? ਦੱਸ ਨਹੀਂ ਸਕਣਗੇ। ਤੁਸੀਂ ਪ੍ਰੈਕਟੀਕਲ ਵਿੱਚ ਜਾਣਦੇ ਹੋ - ਅਸੀਂ ਬ੍ਰਹਮਾ ਮੁਖ ਕਮਲ ਤੋਂ ਐਡੋਪਡ ਹੋਏ ਹਾਂ। ਐਡੋਪਡ ਕੀਤਾ ਹੈ ਸ਼ਿਵਬਾਬਾ ਨੇ। ਇੱਥੇ ਤੁਸੀਂ ਸਮਝਦੇ ਹੋ - ਅਸੀਂ ਬਾਪ - ਟੀਚਰ - ਗੁਰੂ ਤਿੰਨਾਂ ਦੇ ਸਮੁੱਖ ਬੈਠੇ ਹੋਏ ਹਾਂ। ਬਾਪ ਤਾਂ ਮੈਨਰਸ ਸਿਖਾਉਂਦੇ ਹਨ - ਸ਼੍ਰੀਕ੍ਰਿਸ਼ਨ ਵਰਗੇ ਗੁਣਵਾਨ, ਸਰਵਗੁਣ ਸੰਪੰਨ ...ਇੱਥੇ ਹੀ ਬਣਨਾ ਹੈ, ਪੁਰਸ਼ਾਰਥ ਕਰਕੇ। ਮਨੁੱਖ ਤਾਂ ਇਹ ਨਹੀਂ ਜਾਣਦੇ ਕਿ ਰਾਧੇ - ਕ੍ਰਿਸ਼ਨ ਅਗਲੇ ਜਨਮ ਵਿੱਚ ਕੌਣ ਸਨ? ਇਹ ਸਿਰਫ਼ ਤੁਸੀਂ ਬੱਚੇ ਹੀ ਜਾਣਦੇ ਹੋ। ਜੋ ਪੂਜਯ ਸੀ ਉਹ ਹੀ ਪੁਜਾਰੀ ਬਣੇ ਫਿਰ ਪੂਜਯ ਬਣਦੇ ਹਨ। ਪੁਜਾਰੀ ਭਗਤ ਨੂੰ ਕਿਹਾ ਜਾਂਦਾ ਹੈ। ਨਰ ਤੋਂ ਨਾਰਾਇਣ ਅਤੇ ਬੇਗਰ ਤੋਂ ਪ੍ਰਿੰਸ ਬਣਨ ਦਾ ਵਰਸਾ ਬਾਪ ਬਿਗਰ ਕੋਈ ਦੇ ਨਾ ਸਕੇ। ਤੁਹਾਨੂੰ ਜੇਕਰ ਕੋਈ ਪੁੱਛੇ - ਤੁਸੀਂ ਕੀ ਕਰ ਰਹੇ ਹੋ? ਤਾਂ ਤੁਸੀਂ ਬੋਲੋ - ਅਸੀਂ ਗੋਡ ਫ਼ਾਦਰ ਦਵਾਰਾ ਪੜ੍ਹ ਰਹੇ ਹਾਂ। ਏਮ ਆਬਜੇਕਟ ਤਾਂ ਹਰੇਕ ਦੀ ਬੁੱਧੀ ਵਿੱਚ ਹੈ ਨਾ। ਅਸੀਂ ਬਾਬਾ ਕੋਲੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਸਵਰਗ ਦਾ ਵਰਸਾ ਹੈ ਹੀ ਲਕਸ਼ਮੀ - ਨਾਰਾਇਣ ਅਤੇ ਪ੍ਰਿੰਸ - ਪ੍ਰਿੰਸੇਸ ਬਣਨਾ। ਇੱਥੇ ਇਸ ਕਾਲੇਜ ਵਿੱਚ ਤੁਸੀਂ ਪ੍ਰਿੰਸ - ਪ੍ਰਿੰਸੇਸ ਬਣਦੇ ਹੋ। ਭਵਿੱਖ ਨਵੇਂ ਵਿਸ਼ਵ ਦਾ ਪ੍ਰਿੰਸ - ਪ੍ਰਿੰਸੇਸ ਬਣਨ ਦੇ ਲਈ ਅਸੀਂ ਪੜ੍ਹ ਰਹੇ ਹਾਂ। ਨਵੇਂ ਵਿਸ਼ਵ ਨੂੰ ਸਤਿਯੁਗ ਕਿਹਾ ਜਾਂਦਾ ਹੈ। ਸਤਿਯੁਗ ਵਿੱਚ ਹੋਣਗੇ ਤਾਂ ਮਨੁੱਖ ਹੀ ਨਾ। ਨਾਲੇਜ਼ ਵੀ ਮਨੁੱਖ ਨੂੰ ਮਿਲਦੀ ਹੈ। ਜਾਨਵਰ ਨੂੰ ਤਾਂ ਨਹੀਂ ਦੇਣਗੇ। ਮਨੁੱਖ ਦੈਵੀ ਗੁਣ ਵਾਲੇ ਸੀ। ਹੁਣ ਆਸੁਰੀ ਗੁਣ ਵਾਲੇ ਬਣੇ ਹਨ ਫਿਰ ਅਸੀਂ ਦੈਵੀਗੁਣ ਵਾਲੇ ਬਣਦੇ ਹਨ। ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ। ਇਹ ਤਾਂ ਸਹਿਜ ਸਮਝਣ ਦੀ ਗੱਲ ਹੈ। 84 ਜਨਮਾਂ ਦਾ ਚੱਕਰ ਵੀ ਭਾਰਤ ਦੇ ਲਈ ਹੀ ਹੈ। 84 ਜਨਮਾਂ ਦੇ ਚੱਕਰਾਂ ਦਾ ਰਾਜ਼ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਬੈਠੇਗਾ। ਸਵਦਰਸ਼ਨ ਚੱਕਰ ਤਾਂ ਸ਼੍ਰੀਕ੍ਰਿਸ਼ਨ ਨੂੰ ਸੀ। ਵਿਸ਼ਨੂੰ ਲਕਸ਼ਮੀ - ਨਾਰਾਇਣ ਦਾ ਕਮਬਾਇੰਡ ਰੂਪ ਹੈ। ਛੋਟੇਪਨ ਵਿੱਚ ਰਾਧੇ - ਕ੍ਰਿਸ਼ਨ ਸੀ। ਪਰ ਉਹ ਵੀ ਸਿਰਫ਼ ਸ਼੍ਰੀਕ੍ਰਿਸ਼ਨ ਨੂੰ ਦਿੰਦੇ ਹਨ। ਰਾਧੇ ਨੂੰ ਕਦੀ ਚੱਕਰ ਨਹੀਂ ਦਿਖਾਉਂਦੇ। ਲਕਸ਼ਮੀ ਨੂੰ ਵੀ ਨਹੀਂ, ਸਿਰਫ਼ ਨਾਰਾਇਣ ਨੂੰ ਦਿਖਾਉਂਦੇ ਹਨ ਜਾਂ ਵਿਸ਼ਨੂੰ ਨੂੰ ਦਿੰਦੇ ਹਨ। ਉਸ ਵਿੱਚ ਲਕਸ਼ਮੀ ਆ ਜਾਂਦੀ ਹੈ। ਅਸਲ ਵਿੱਚ ਸਵਦਰਸ਼ਨ ਚੱਕਰਧਾਰੀ ਤੁਸੀਂ ਹੋ।

ਤੁਸੀਂ ਜਾਣਦੇ ਹੋ ਅਸੀਂ ਬੜੀ ਵੰਡਰਫੁੱਲ ਪੜ੍ਹਾਈ ਪੜ੍ਹ ਰਹੇ ਹਾਂ ਗੋਡ ਫ਼ਾਦਰ ਕੋਲੋਂ। ਉਹ ਹੀ ਗਿਆਨ ਦਾ ਸਾਗਰ, ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ ਹੈ, ਸਤ ਹੈ, ਚੇਤੰਨ ਹੈ।ਆਤਮਾ ਨੂੰ ਹੀ ਸਤ ਅਤੇ ਚੇਤੰਨ ਕਿਹਾ ਜਾਂਦਾ ਹੈ। ਸ਼ਰੀਰ ਨੂੰ ਸਤ ਅਤੇ ਚੇਤੰਨ ਤਾਂ ਕਹਿ ਨਹੀਂ ਸਕਾਂਗੇ। ਬੱਚੇ ਦਾ ਸ਼ਰੀਰ ਪੰਜ ਮਹੀਨੇ ਤੱਕ ਜੜ੍ਹ ਹੁੰਦੇ ਵੀ ਗਰਭ ਵਿੱਚ ਵ੍ਰਿਧੀ ਨੂੰ ਪਾਉਂਦਾ ਰਹਿੰਦਾ ਹੈ। ਵ੍ਰਿਧੀ ਨੂੰ ਤਾਂ ਹਰ ਚੀਜ਼ ਪਾਉਂਦੀ ਹੀ ਹੈ। ਪਰ ਇਹ ਮਨੁੱਖ ਦੀ ਆਤਮਾ ਮਹਾਨ ਹੈ। ਮਨੁੱਖ ਦੀ ਮਹਿਮਾ ਵੀ ਹੁੰਦੀ ਹੈ ਤਾਂ ਮਨੁੱਖ ਦੀ ਗਲਾਨੀ ਵੀ ਹੁੰਦੀ ਹੈ। ਅਖ਼ਬਾਰ ਵਿੱਚ

ਛਿਪਿਆ - ਇੰਗਲੈਂਡ ਦਾ ਪ੍ਰਾਈਮ ਮਿਨਿਸਟਰ ਚਰਚ ਵਿੱਚ ਗਿਆ ਤਾਂ ਨਾਲ ਬਿੱਲੀ ਲੈ ਕੇ ਗਿਆ। ਦੇਖੋ, ਬਿੱਲੀ ਦਾ ਵੀ ਕਿੰਨਾ ਮਾਨ ਹੁੰਦਾ ਹੈ। ਉੱਥੇ ਤੁਸੀਂ ਵੀ ਬਿਨਾਂ ਪਰਮਿਟ ਦੇ ਨਹੀਂ ਜਾ ਸਕਦੇ ਅਤੇ ਬਿੱਲੀ ਨੂੰ ਪਰਮਿਟ ਮਿਲ ਜਾਂਦੀ ਹੈ। ਬਹੁਤ ਮਨੁੱਖ ਕਹਿੰਦੇ ਹਨ - ਕੁੱਤਾ ਵੀ ਭਗਵਾਨ ਨੂੰ ਯਾਦ ਕਰਦਾ ਹੈ। ਬਾਂਗ ਭਰਦਾ ਹੈ ਨਾ! ਉਹ ਵੀ ਗੌਡ ਸਿਰਫ਼ ਕਹਿੰਦੇ - ਜਾਣਦੇ ਕੁਝ ਨਹੀਂ। ਤਾਂ ਮਨੁੱਖ ਅਤੇ ਜਾਨਵਰ ਵਿੱਚ ਕੀ ਫ਼ਰਕ ਹੋਇਆ? ਤੁਸੀਂ ਹੁਣ ਕਿੰਨੇ ਉੱਚ ਬਣਦੇ ਹੋ। ਹੁਣ ਤੁਹਾਡੀ ਬਹੁਤ ਮਹਿਮਾ ਨਿਕਲੇਗੀ। ਪ੍ਰੈਕਟੀਕਲ ਵਿੱਚ ਤੁਹਾਡਾ ਜਦੋਂ ਪ੍ਰਭਾਵ ਨਿਕਲੇਗਾ - ਬਸ, ਬ੍ਰਹਮਾਕੁਮਾਰੀਆਂ ਦੇ ਕੋਲ ਜਾਣਾ ਹੈ। ਬ੍ਰਹਮਾਕੁਮਾਰ - ਕੁਮਾਰੀਆਂ ਸ਼ਿਵ ਦੇ ਪੋਤਰੇ ਅਤੇ ਪੋਤਰਿਆਂ ਹਨ। ਬਾਬਾ ਤੇ ਇੱਕ ਹੈ ਨਾ। ਮੰਮਾ - ਬਾਬਾ ਇੱਕ ਹਨ ਜਿਸਨਾਲ ਤੁਸੀਂ ਰਚੇ ਜਾਂਦੇ ਹੋ। ਤੁਸੀਂ ਜਾਣਦੇ ਹੋ ਅਸੀਂ ਸ਼ਿਵਬਾਬਾ ਦੇ ਪੋਤਰੇ ਅਤੇ ਪੋਤਰੀਆਂ ਹਾਂ। ਇਸ ਵਿੱਚ ਬੁੱਢੇ ਅਤੇ ਜਵਾਨ ਆਦਿ ਦੀ ਗੱਲ ਨਹੀਂ ਹੈ। ਅਸੀਂ ਸ਼ਿਵਬਾਬਾ ਦੇ ਪੋਤਰੇ ਬ੍ਰਹਮਾ ਦੇ ਪੁੱਤਰ ਪੋਤਰੇ ਠਹਿਰੇ। ਕਿੰਨੀ ਸਹਿਜ ਗੱਲ ਹੈ। ਇਹ ਬ੍ਰਾਹਮਣਾਂ ਦਾ ਕੁਲ ਹੈ ਨਾ। ਕ੍ਰੀਏਟਰ ਤਾਂ ਬਾਪ ਹੀ ਹੋਇਆ। ਤੁਸੀਂ ਜਾਣਦੇ ਹੋ ਅਸੀਂ ਸ਼ਿਵਬਾਬਾ ਦੇ ਬੱਚੇ ਇਸ ਝਾੜ ਦੇ ਪਹਿਲੇ - ਪਹਿਲੇ ਫਾਉਂਡਰ ਹਾਂ। ਇਹ ਬ੍ਰਹਮਾ ਸੰਗਮ ਤੇ ਥੁਰ ਵਿੱਚ ਬੈਠੇ ਹਨ ਨਾ। ਅਸੀਂ ਉੱਚ ਤੇ ਉੱਚ ਸ਼ਿਵਬਾਬਾ ਦੇ ਪੋਤਰੇ ਹਾਂ, ਉਹਨਾਂ ਕੋਲੋਂ ਅਸੀਂ ਸਵਰਗ ਦਾ ਵਰਸਾ ਪਾ ਰਹੇ ਹਾਂ। ਇਹ ਕਦੀ ਭੁਲਣਾ ਨਹੀਂ ਚਾਹੀਦਾ ਹੈ। ਦੇਹ ਸਹਿਤ ਜੋ ਕੁਝ ਵੀ ਹੈ ਸਭਨੂੰ ਭੁੱਲ ਅਸ਼ਰੀਰੀ ਬਣਨਾ ਹੈ। ਹੁਣ ਸਾਨੂੰ ਵਾਪਿਸ ਜਾਣਾ ਹੈ - ਡਾਡੇ ਦੇ ਕੋਲ ਮਤਲਬ ਸਵੀਟ ਹੋਮ ਜਾਣਾ ਹੈ। ਅਸੀਂ ਸ਼ਿਵਬਾਬਾ ਦੇ ਪੋਤਰੇ - ਪੋਤਰਿਆਂ ਹਾਂ। ਬਾਪ ਵੀ ਤਾਂ ਜਰੂਰ ਚਾਹੀਦਾ ਹੈ। ਬਰੋਬਰ ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਹਾਂ। ਸ਼ਿਵ ਦੇ ਪੋਤਰੇ ਹਾਂ, ਡਾਡੇ ਕੋਲੋਂ ਹੀ ਵਰਸਾ ਮਿਲਦਾ ਹੈ। ਵਿਸ਼ਵ ਦੀ ਬਾਦਸ਼ਾਹੀ ਨੂੰ ਹੀ ਸੱਚਾ ਸਵਰਾਜ ਕਿਹਾ ਜਾਂਦਾ ਹੈ। ਸਾਰੇ ਵਿਸ਼ਵ ਦੇ ਤੁਸੀਂ ਮਾਲਿਕ ਬਣਦੇ ਹੋ। ਕਿਸੇ ਦਾ ਡਰ ਨਹੀਂ। ਉਸਨੂੰ ਅਦਵੈਤ ਰਾਜ ਕਿਹਾ ਜਾਂਦਾ ਹੈ। ਉੱਥੇ ਦੂਸਰਾ ਕੋਈ ਰਹਿੰਦਾ ਨਹੀਂ। ਸਰਵਗੁਣ ਸੰਪੰਨ, ਅਹਿੰਸਾ ਪਰਮੋਧਰਮ ਵਾਲੇ ਬਣ ਜਾਂਦੇ ਹਨ। ਬਾਬਾ ਨੇ ਸਮਝਾਇਆ ਹੈ - ਹਿੰਸਾ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਵਾਯੋਲੈਂਸ ਦੀ, ਦੂਸਰੀ ਹਿੰਸਾ ਹੈ ਫਿਰ ਕਾਮ ਕਟਾਰੀ ਚਲਾਉਣਾ। ਅਸੀਂ ਡਬਲ ਅਹਿੰਸਕ ਹਾਂ। ਸਤਿਗੁਰੂ ਵਿੱਚ ਹਿੰਸਾ ਦੀ ਗੱਲ ਨਹੀਂ ਹੁੰਦੀ। ਨਾ ਜਿਸਮਾਨੀ, ਨਾ ਵਿਕਾਰ ਦੀ। ਅਹਿੰਸਾ ਪਰਮੋ ਦੇਵੀ - ਦੇਵਤਾ ਧਰਮ ਕਹਿੰਦੇ ਹਨ। ਉਸਦੇ ਅਸੀਂ ਭਾਤੀ ਬਣਦੇ ਹਾਂ। ਬ੍ਰਾਹਮਣ ਤੋਂ ਫਿਰ ਅਸੀਂ ਦੇਵਤਾ ਬਣਾਂਗੇ। ਸਾਡਾ ਮਨੁੱਖ ਨਾਮ ਨਿਕਲ ਜਾਂਦਾ ਹੈ। ਜਿਵੇਂ ਬੈਰਿਸਟਰ, ਇੰਜੀਨੀਅਰ ਆਦਿ ਬਣਦੇ ਹਾਂ। ਕਿਵੇਂ ਬਣੇ ਉਹ ਤਾਂ ਉਹ ਖੁਦ ਹੀ ਜਾਣ ਸਕਦੇ ਹਨ। ਤੁਸੀਂ ਜਾਣਦੇ ਹੋ ਇਸ ਪੜ੍ਹਾਈ ਨਾਲ ਦੇਵਤੇ ਬਣਦੇ ਹਨ। ਬਹੁਤ ਸਹਿਜ ਹੈ। ਵੈਰਾਇਟੀ ਧਰਮਾਂ ਦਾ ਇਹ ਜੋ ਝਾੜ ਹੈ, ਉਸਦੇ ਆਦਿ - ਮੱਧ -ਅੰਤ ਦਾ ਤੁਹਾਨੂੰ ਗਿਆਨ ਹੈ, ਜੋ ਹੋਰ ਕਿਸੇ ਨੂੰ ਨਹੀਂ ਹੈ। ਤੁਸੀਂ ਜਾਣਦੇ ਹੋ ਸਾਡਾ ਬਾਪ ਟੀਚਰ ਪਰਮਧਾਮ ਤੋਂ ਆਏ ਹਨ - ਸਾਨੂੰ ਪੜ੍ਹਾਉਣ। ਪਰਮਧਾਮ ਕਿੰਨਾ ਉੱਚ ਹੈ। ਐਰੋਪਲੇਨ ਵੀ ਉੱਥੇ ਜਾ ਨਾ ਸਕੇ। ਬਾਬਾ ਬਿਗਰ ਪੰਖ ਕਿਵੇਂ ਆਕੇ ਪੜ੍ਹਾਉਂਦੇ ਹਨ, ਤਾਂ ਇੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਸਾਡਾ ਬਾਬਾ ਟੀਚਰ ਵੀ ਹੈ। ਰਹਿੰਦੇ ਹਨ ਪਰਮਧਾਮ ਵਿੱਚ, ਉੱਥੇ ਤੋਂ ਆਕੇ ਸਾਨੂੰ ਪੜ੍ਹਾਉਂਦੇ ਹਨ। ਉਹਨਾਂ ਨੂੰ ਤੇ ਬਹੁਤ ਹੀ ਸਰਵਿਸ ਕਰਨੀ ਹੈ। ਭਗਤਾਂ ਨੂੰ ਵੀ ਰਾਜ਼ੀ ਕਰਨ ਦੀ ਸਰਵਿਸ ਕਰਨੀ ਹੁੰਦੀ ਹੈ। ਭਗਤ ਮੈਨੂੰ ਨਹੀਂ ਜਾਣਦੇ। ਉਹਨਾਂ ਦੀ ਮੈਂ ਇੰਨੀ ਸਰਵਿਸ ਕਰਦਾ ਹਾਂ, ਨੌਧਾ ਭਗਤੀ ਵਾਲਿਆਂ ਦੀ ਵੀ ਦਿਲ ਪੂਰੀ ਕਰਦਾ ਹਾਂ। ਜਿਸਦਾ ਵੀ ਸਾਕਸ਼ਾਤਕਾਰ ਬੱਚਿਆਂ ਨੇ ਕੀਤਾ ਹੈ। ਨੌਧਾ ਭਗਤੀ ਵਿੱਚ ਬੈਠਦੇ ਹਨ - ਬਾਪ, ਸ਼੍ਰੀਕ੍ਰਿਸ਼ਨ ਦਰਸ਼ਨ ਦਵੋ। ਅੱਖਾਂ ਨਾਲ ਜਾਰੋਜਾਰ ਅਥਰੂ ਬਹਾਉਂਦੇ ਰਹਿੰਦੇ ਹਨ। ਜਦੋਂ ਇਵੇਂ ਦੀ ਤੀਵਰ ਭਕਤੀ ਕਰਦੇ ਹਨ ਉਦੋਂ ਸਾਕਸ਼ਾਤਕਾਰ ਕਰਾਉਂਦਾ ਹਾਂ। ਉਹ ਹੈ ਭਗਤੀ ਮਾਰਗ। ਤਾਂ ਇਸ ਸਮੇਂ ਉਹਨਾਂ ਨੂੰ ਵੀ ਰਾਜ਼ੀ ਕਰਦਾ ਹਾਂ। ਤੁਹਾਨੂੰ ਤੇ ਸਮੁੱਖ ਬੈਠ ਸੁਣਾਉਂਦਾ ਹਾਂ, ਪੜ੍ਹਾਉਂਦਾ ਹਾਂ। ਭਗਵਾਨੁਵਾਚ ਤਾਂ ਬਰੋਬਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ। ਗੀਤਾ ਵਿੱਚ ਵੀ ਲਿਖਿਆ ਹੋਇਆ ਹੈ - ਹੇ ਬੱਚੇ, ਤੁਹਨੂੰ ਨਰ ਤੋਂ ਨਾਰਾਇਣ ਬਣਾਉਣ ਰਾਜਯੋਗ ਸਿਖਲਾ ਰਿਹਾ ਹਾਂ। ਪਰ ਨਾਮ ਸ਼੍ਰੀਕ੍ਰਿਸ਼ਨ ਦਾ ਪਾ ਦਿੱਤਾ ਹੈ। ਸ਼੍ਰੀਕ੍ਰਿਸ਼ਨ ਦੀ ਆਤਮਾ ਤੇ ਇਸ ਸਮੇਂ ਅੰਤਿਮ ਜਨਮ ਵਿੱਚ ਹੈ। ਉਹ ਬੈਠ ਪੜ੍ਹਦੀ ਹੈ। ਬੱਚੇ ਜਾਣਦੇ ਹਨ - ਬਰੋਬਰ ਸੂਰਜਵੰਸ਼ੀ ਚੰਦਰਵੰਸ਼ੀ ਰਾਜਧਾਨੀ ਸਥਾਪਨ ਹੋ ਰਹੀ ਹੈ। ਅਸੀਂ ਪੁਰਸ਼ਾਰਥ ਕਰਕੇ ਜਰੂਰ ਵਰਸਾ ਲਵਾਂਗੇ। ਬਾਬਾ ਕਿੰਨਾ ਰਹਿਮਦਿਲ ਹੈ! ਆਕੇ ਬੱਚਿਆਂ ਨੂੰ ਗੋਦ ਲੈਂਦੇ ਹਨ। ਬੱਚੇ ਕਹਿੰਦੇ ਹਨ - ਬਾਬਾ, ਤੁਸੀਂ ਉਹ ਹੀ ਹੋ, ਅਸੀਂ ਵੀ ਉਹ ਹੀ ਹਾਂ, ਜੋ ਫਿਰ ਤੋਂ ਆਕੇ ਮਿਲੇ ਹਾਂ। ਤੁਸੀਂ ਉਹ ਹੀ ਬਾਬਾ ਹੋ, ਅਸੀਂ ਉਹ ਹੀ ਬੱਚੇ ਹਾਂ। ਹੁਣ ਤੁਸੀਂ ਆਏ ਹੋ ਰਾਜ - ਭਾਗ ਦੇਣ। ਬਾਬਾ ਫਿਰ ਤੋਂ ਸਾਨੂੰ ਪੜ੍ਹਾ ਰਹੇ ਹਨ। ਅਸੀਂ ਸ਼ਿਵ ਦੇ ਪੋਤਰੇ - ਪੋਤਰੀਆਂ ਹਾਂ। ਪ੍ਰਜਾਪਿਤਾ ਬ੍ਰਹਮਾ ਨਾਮ ਵੀ ਬਾਲਾ ਹੈ। ਇਹ ਤੇ ਜਾਣਦੇ ਹੋ - ਸਵਰਗ ਦਾ ਰਚਿਅਤਾ ਪਰਮਪਿਤਾ ਪਰਮਾਤਮਾ ਹੀ ਹੈ, ਵਰਸਾ ਉਹਨਾਂ ਕੋਲੋਂ ਮਿਲੇਗਾ। ਬ੍ਰਹਮਾ ਨੂੰ ਵੀ ਉਹਨਾਂ ਕੋਲੋਂ ਵਰਸਾ ਮਿਲਿਆ ਸੀ। ਇਹ ਬਾਪ ਹੀ ਤੁਸੀਂ ਬ੍ਰਾਹਮਣਾਂ ਨਾਲ ਗੱਲ ਕਰ ਰਹੇ ਹਨ। ਕਿੰਨੀ ਚੰਗੀ ਤਰ੍ਹਾਂ ਸਮਝਾਉਂਦੇ ਹਨ। ਫਿਰ ਭੁੱਲ ਕਿਉਂ ਜਾਂਦੇ ਹੋ? ਬਾਬਾ ਦੇ ਘਰ ਬੈਠੇ ਹਨ। ਬਾਬਾ ਟੀਚਰ ਬਣ ਪੜ੍ਹਾਉਂਦੇ ਹਨ। ਅਸੀਂ ਰਾਜਯੋਗ ਸਿਖ ਰਹੇ ਹਾਂ। ਅਸੀਂ ਜਾਵਾਂਗੇ ਫਿਰ ਆਵਾਂਗੇ ਸੁਖਧਾਮ। ਇਸ ਕਲਿਯੁਗੀ ਦੁਨੀਆਂ ਦਾ ਵਿਨਾਸ਼ ਹੋਣਾ ਹੈ। ਕਲਪ ਪਹਿਲੇ ਮੁਅਫਿਕ ਤੁਹਾਨੂੰ ਸਾਕਸ਼ੀ ਹੋਕੇ ਦੇਖਣਾ ਪੈਂਦਾ ਹੈ। ਦੇਖਦੇ ਚਲੋ - ਕਿਵੇਂ ਇਮਤਿਹਾਨ ਪਾਸ ਕੀਤਾ, ਕਿਵੇਂ ਵਿਨਾਸ਼ ਹੋਇਆ? ਫਿਰ ਜਿੱਥੇ ਜਿੱਤ, ਉੱਥੇ ਜਨਮ ਕਿਵੇਂ ਹੁੰਦਾ ਹੈ? ਕਿਵੇਂ ਮਹਿਲ ਆਦਿ ਬਣਾਓਗੇ? ਬੁੱਧੀ ਵਿੱਚ ਹੈ - ਇਵੇਂ ਨਹੀਂ, ਸੋਨੇ ਦੀ ਦਵਾਰਿਕਾ ਕੋਈ ਥੱਲੇ ਪਈ ਹੈ, ਉਹ ਨਿਕਲ ਆਏਗੀ। ਕਹਿੰਦੇ ਹਨ - ਰਾਵਣ ਦੀ ਵੀ ਸੋਨੇ ਦੀ ਲੰਕਾ ਸੀ। ਇਵੇਂ ਤਾਂ ਕੁਝ ਹੈ ਨਹੀਂ। ਸੋਨੇ ਦੇ ਮਹਿਲ ਤਾਂ ਦੇਵਤਾਵਾਂ ਦੇ ਹੁੰਦੇ ਹਨ। ਹੁਣ ਤਾਂ ਹੈ ਨਹੀਂ। ਹੁਣ ਤਾਂ ਭਾਰਤ ਦਾ ਬੇੜਾ ਹੀ ਗ਼ਰਕ ਹੋ ਗਿਆ ਹੈ। ਹੁਣ ਤੁਸੀਂ ਬੱਚੇ ਸੈਲਵੇਜ਼ ਕਰਦੇ ਹੋ ਨਰਕ ਰੂਪੀ ਵਿਸ਼ੇ ਸਾਗਰ ਤੋਂ। ਬਾਕੀ ਸਟਿਮਬਰ ਆਦਿ ਦੀ ਕੋਈ ਗੱਲ ਨਹੀਂ ਹੈ। ਤੁਸੀਂ ਸਾਗਰ ਦੇ ਬੱਚੇ ਜਲ ਮਰ ਭਸਮ ਹੋ ਗਏ ਸੀ। ਕਾਮ ਚਿਤਾ ਤੇ ਬੈਠ ਕਾਲੇ ਬਣ ਗਏ ਸੀ। ਤੁਸੀ ਸੁੰਦਰ ਸੀ ਫਿਰ ਸਾਵਰੇ ਬਣ ਗਏ। ਭਾਰਤ ਦੇ ਤੁਸੀਂ ਦੇਵੀ - ਦੇਵਤੇ ਕਿੰਨੇ ਸੁੰਦਰ ਸੀ! ਤੁਸੀਂ ਸਭ ਸ਼ਾਮ - ਸੁੰਦਰ ਹੋ। ਬੱਚੇ ਜਾਣਦੇ ਹਨ - ਅਸੀਂ ਕਿਸਦੇ ਅੱਗੇ ਬੈਠੇ ਹਾਂ? ਅਜਿਹਾ ਕੋਈ ਸਤਿਸੰਗ ਨਹੀਂ ਹੋਵੇਗਾ ਜਿੱਥੇ ਗੋਡ ਫ਼ਾਦਰ ਬੈਠ ਰਾਜਯੋਗ ਸਿਖਾਉਂਦੇ ਹਨ। ਨਿਰਾਕਾਰ ਬਾਪ ਕਿਸਦੇ ਤਾਂ ਸ਼ਰੀਰ ਵਿੱਚ ਆਏ ਹਨ ਨਾ। ਸ਼੍ਰੀਕ੍ਰਿਸ਼ਨ ਵਰਗਾ ਕਿਵੇਂ ਆਏਗਾ। ਹਾਂ, ਉਹਨਾਂ ਦੀ

ਆਤਮਾ ਤਾਂ ਇੱਥੇ ਹੀ ਹੈ ਨਾ।

ਹੁਣ ਤੁਹਾਡੀ ਬੁੱਧੀ ਦਾ ਤਾਲਾ ਖੁੱਲਿਆ ਹੈ। ਜਾਣਦੇ ਹੋ ਅਸੀਂ ਬਾਬਾ ਕੋਲੋਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਵਰਸਾ ਲੈਂਦੇ ਹਾਂ। ਤੁਸੀਂ ਹੀ ਮੰਮਾ - ਬਾਬਾ ਕਹਿੰਦੇ ਹੋ ਤਾਂ ਤੁਹਾਨੂੰ ਪੜ੍ਹਾਈ ਵਿੱਚ ਫਾਲੋ ਕਰਨਾ ਹੈ ਇਸ ਲਈ ਗਾਇਆ ਜਾਂਦਾ ਹੈ - ਫਾਲੋ ਫਾਦਰ। ਸੱਚਾ ਫਾਦਰ ਚਾਹੀਦਾ ਹੈ ਨਾ, ਆਰਟੀਫਿਸ਼ੀਅਲ ਤਾਂ ਨਹੀਂ! ਗਾਂਧੀ ਨੂੰ ਵੀ ਬਾਪੂ ਜੀ ਕਹਿੰਦੇ ਸਨ ਪਰ ਵਰਸਾ ਤਾਂ ਕੁਝ ਵੀ ਨਹੀਂ ਮਿਲਿਆ। ਉਹ ਹੋਏ ਹੱਦ ਦੇ ਬਾਪੂ ਜੀ ਕੋਲੋਂ ਹੱਦ ਦਾ ਵਰਸਾ। ਉਹਨਾਂ ਨੂੰ ਬੇਹੱਦ ਦਾ ਨਹੀਂ ਕਹਾਂਗੇ। ਇਹ ਬੇਹੱਦ ਦੇ ਬਾਪੂ ਜੀ ਤੋਂ ਪਰਮਧਾਮ ਤੋਂ ਆਏ ਹਨ। ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦੇ ਹਨ। ਤੁਸੀਂ ਹੁਣ ਤ੍ਰਿਕਾਲਦਰਸ਼ੀ ਬਣੇ ਹੋ ਅਤੇ ਤੁਸੀਂ ਹੀ ਬੈਕੁੰਠ ਦੇ ਮਾਲਿਕ ਬਣਦੇ ਹੋ। ਬੇਹੱਦ ਦੇ ਬਾਪ ਨਾਲ ਕਿੰਨਾ ਲਵ ਰਹਿਣਾ ਚਾਹੀਦਾ ਹੈ। ਹੋਰ ਸੰਗ ਤੋੜ੍ਹ ਇੱਕ ਤੁਮ ਸੰਗ ਜੋੜਾਂ। ਇਹ ਤੁਹਾਡੀ ਪ੍ਰਤਿਗਿਆ ਬਾਪ ਦੇ ਨਾਲ ਹੈ। ਕਿੰਨਾ ਪਿਆਰ ਨਾਲ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ! ਹੋਰ ਕੋਈ ਕੀ ਜਾਣੇ ਸ਼ਿਵਬਾਬਾ ਕਦੋਂ ਆਏ? ਰਕਸ਼ਾ ਬੰਧੰਨ ਕਦੋਂ ਹੋਇਆ? ਦੈਵੀਗੁਣ ਧਾਰਨ ਕਿਵੇਂ ਕੀਤੇ? ਗੀਤਾ ਸ਼ਾਸਤਰ ਪੜ੍ਹਦੇ - ਸੁਣਦੇ ਹਨ ਪਰ ਸਮਝਦੇ ਕੁਝ ਵੀ ਨਹੀਂ। ਤੁਹਾਡੀ ਓਰਲੀ। ਇਸਵਿੱਚ ਸ਼ਾਸਤਰਾਂ ਦੀ ਗੱਲ ਨਹੀਂ। ਭਗਵਾਨ ਬੈਠ ਸਿਖਾਉਂਦੇ ਹਨ। ਸੰਗਮ ਤੇ ਹੀ ਸਿਖਾਇਆ ਸੀ। ਹੁਣ ਤੁਸੀਂ ਸਮੁੱਖ ਸੁਣਦੇ ਹੋ ਤਾਂ ਨਸ਼ਾ ਚੜ੍ਹਦਾ ਹੈ। ਫਿਰ ਉਹ ਨਸ਼ਾ ਘੱਟ ਨਹੀਂ ਹੋਣਾ ਚਾਹੀਦਾ। ਇਹ ਕੋਈ ਮਨੁੱਖ ਨਹੀਂ ਪੜ੍ਹਾਉਂਦੇ ਹਨ। ਪਰਮਪਿਤਾ ਪਰਮਾਤਮਾ ਤੇ ਗਿਆਨ ਦਾ ਸਾਗਰ ਹੈ, ਉਹ ਪੜ੍ਹਾ ਰਹੇ ਹਨ। ਬ੍ਰਹਮਾਕੁਮਾਰ - ਕੁਮਾਰੀਆਂ ਸਭ ਸੁਣ ਰਹੇ ਹਨ। ਸੁਣਕੇ ਫਿਰ ਹੋਰਾਂ ਦੀ ਸੁਣਾਉਂਦੇ ਹੋ! ਤੁਹਾਡੀ ਏਗ੍ਰੀਮੇਂਟ ਹੈ - ਬਾਬਾ ਕੋਲੋਂ ਸੁਣਕੇ ਫਿਰ ਸੁਣਾਵਾਂਗੇ ਜਰੂਰ। ਨਹੀਂ ਤਾਂ ਸੁਣਿਆ ਕਿਸ ਲਈ ਹੈ! ਹੁਣ ਤੁਸੀਂ ਬੇਹੱਦ ਬਾਪ ਦੇ ਬੱਚੇ ਬਣੇ ਹੋ। ਬਾਪ ਕਹਿੰਦੇ ਹਨ - ਮਾਮੇਕਮ ਯਾਦ ਕਰੋ। ਦੇਹ ਸਹਿਤ ਦੇਹ ਦੇ ਸਭ ਸੰਬੰਧ ਆਦਿ ਛੱਡੋ। ਬਾਪ ਸ਼ਿਵ, ਤੁਸੀਂ ਹੋ ਸਾਲੀਗ੍ਰਾਮ। ਬਾਪ ਅਤੇ ਬੱਚੇ। ਬਾਪ ਕਹਿੰਦੇ ਹਨ - ਅਸੀਂ ਨਿਰਾਕਾਰੀ, ਤੁਸੀਂ ਵੀ ਨਿਰਾਕਾਰੀ ਸੀ। ਫਿਰ ਇੱਥੇ ਪਾਰ੍ਟ ਵਜਾਉਣ ਆਏ ਹੋ। ਹੁਣ ਫਿਰ ਜਾਣਾ ਹੈ ਵਾਪਿਸ ਬਾਬਾ ਬ੍ਰਾਹਮੰਡ ਦਾ ਮਾਲਿਕ ਹਨ। ਤੁਸੀਂ ਵੀ ਬ੍ਰਾਹਮੰਡ ਦੇ ਮਾਲਿਕ ਸੀ। ਜਿਸਨੂੰ ਪਰਮਧਾਮ, ਨਿਰਵਾਣਧਾਮ, ਮੂਲਵਤਨ ਆਦਿ ਕਹਿੰਦੇ ਹਨ। ਇਹ ਸਭ ਨਾਮ ਹਨ। ਮੂਲਵਤਨ, ਸੂਕ੍ਸ਼੍ਮਵਤਨ, ਸਥੂਲਵਤਨ - ਇਹ ਸਾਮਣੇ ਚੱਕਰ ਫਿਰਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪੜ੍ਹਾਈ ਵਿੱਚ ਮਾਤ - ਪਿਤਾ ਨੂੰ ਫਾਲੋ ਕਰਨਾ ਹੈ। ਖੁਸ਼ੀ ਵਿੱਚ ਰਹਿਣਾ ਹੈ ਕਿ ਉੱਚੇ ਤੇ ਉੱਚੇ ਧਾਮ ਤੋਂ ਭਗਵਾਨ ਸਾਨੂੰ ਪੜ੍ਹਾਉਣ ਆਉਂਦੇ ਹਨ।

2. ਹੁਣ ਸਾਨੂੰ ਵਾਪਿਸ ਸਵੀਟਹੋਮ ਜਾਣਾ ਹੈ ਇਸਲਈ ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ। ਦੇਹ ਸਹਿਤ ਸਭ ਕੁਝ ਭੁੱਲ ਜਾਣਾ ਹੈ।

ਵਰਦਾਨ:- ਆਵਾਜ਼ ਤੋਂ ਪਰੇ ਸ਼੍ਰੇਸ਼ਠ ਸਥਿਤੀ ਵਿੱਚ ਸਥਿਤ ਰਹਿ ਸ਼ਾਂਤੀ ਦੀ ਸ਼ਕਤੀ ਦਾ ਅਨੁਭਵ ਕਰਨ ਵਾਲੇ ਮਾ.ਬੀਜ਼ਰੂਪ ਭਵ

ਆਵਾਜ਼ ਤੋਂ ਪਰੇ ਰਹਿਣ ਦੀ ਸ਼੍ਰੇਸ਼ਠ ਸਥਿਤੀ ਸਰਵ ਵਿਅਕਤ ਆਕ੍ਰਸ਼ਣਾਂ ਤੋਂ ਪਰੇ ਨਿਆਰੀ ਅਤੇ ਪਿਆਰੀ ਸ਼ਕਤੀਸ਼ਾਲੀ ਸਥਿਤੀ ਹੈ। ਇੱਕ ਸੈਕਿੰਡ ਵੀ ਇਸ ਸ਼੍ਰੇਸ਼ਠ ਸਥਿਤੀ ਵਿੱਚ ਸਥਿਤ ਹੋ ਜਾਓ ਤਾਂ ਉਸਦਾ ਪ੍ਰਭਾਵ ਸਾਰਾ ਦਿਨ ਕਰਮ ਕਰਦੇ ਹੋਏ ਖੁਦ ਵਿੱਚ ਵੀ ਵਿਸ਼ੇਸ਼ ਸ਼ਾਂਤੀ ਦੀ ਸ਼ਕਤੀ ਦਾ ਅਨੁਭਵ ਕਰਨਗੇ। ਇਸ ਸਥਿਤੀ ਨੂੰ ਕਰਮਾਂਤੀਤ ਸਥਿਤੀ, ਬਾਪ ਸਮਾਨ ਸੰਪੂਰਨ ਸਥਿਤੀ ਕਿਹਾ ਜਾਂਦਾ ਹੈ। ਇੱਥੇ ਮਾਸਟਰ ਬੀਜ਼ਰੂਪ, ਮਾਸਟਰ ਸਰਵਸ਼ਕਤੀਵਾਂਨ ਦੀ ਸਥਿਤੀ ਹੈ, ਇਸ ਸਥਿਤੀ ਦਵਾਰਾ ਹਰ ਕੰਮ ਵਿੱਚ ਸਫ਼ਲਤਾ ਦਾ ਅਨੁਭਵ ਹੁੰਦਾ ਹੈ।

ਸਲੋਗਨ:- ਮਹਾਨ ਆਤਮਾ ਉਹ ਹੈ ਜਿਸਦਾ ਬੋਲ ਮਹਾਵਾਂਕ ਹੈ।

******